**SET – 4**

**Series : GBM/C**

ਕੋਡ ਨੰ. **4**

ਰੋਲ ਨੰਬਰ | | | | | | | |

Candidates must write the Code on the title page of the answer-book.

- Please check that this question paper contains **4** printed pages.
- Code number given on the right hand side of the question paper should be written on the title page of the answer-book by the candidate.
- Please check that this question paper contains **16** questions.
- **Please write down the Serial Number of the question before attempting it.**
- 15 minute time has been allotted to read this question paper. The question paper will be distributed at 10.15 a.m. From 10.15 a.m. to 10.30 a.m., the students will read the question paper only and will not write any answer on the answer-book during this period.

# ਪੰਜਾਬੀ

# PUNJABI

*ਸਮਾਂ ਸੀਮਾਂ : 3 ਘੰਟੇ* — *ਪੂਰਨ ਅੰਕ : 100*

*Time allowed : 3 hours* — *Maximum Marks : 100*

1. ਹੇਠ ਲਿਖੇ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਉਸਦੇ ਹੇਠ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **2 × 5 = 10**

ਇਸ ਜਗਤ ਵਿਚ ਜਿੰਨੇ ਵੀ ਧਰਮ ਗੁਰੂ ਜਾਂ ਪੈਗੰਬਰ ਆਏ ਹਨ, ਸਭ ਨੇ ਪ੍ਰਭੂ-ਪ੍ਰੇਮ ਅਤੇ ਮਾਨਵਤਾ ਦੀ ਸੇਵਾ ਨੂੰ ਸਭ ਤੋਂ ਉੱਤਮ ਕਾਰਜ ਮੰਨਿਆ ਹੈ । ਪ੍ਰਮਾਤਮਾ ਨੇ ਇਸ ਜਗਤ ਵਿੱਚ ਵਿਭਿੰਨ ਪ੍ਰਕਾਰ ਦੇ ਜੀਵ-ਜੰਤੂਆਂ ਅਤੇ ਮਨੁੱਖਾਂ ਦੀ ਰਚਨਾ ਕੀਤੀ ਹੈ । ਸਭਨਾਂ ਦੇ ਜੀਵਨ ਗੁਜ਼ਾਰਨ ਲਈ ਧਰਤੀ ਦੇ ਅੰਦਰ ਅਤੇ ਬਾਹਰ ਬਹੁਤ ਸਾਰੇ ਪਦਾਰਥ ਪੈਦਾ ਕੀਤੇ ਹਨ । ਮਨੁੱਖੀ ਜੂਨ ਤੋਂ ਹੇਠਲੇ ਸਮੂਹ ਜੀਵ-ਜੰਤੂ ਆਪਣੀ ਲੋੜ ਅਨੁਸਾਰ ਅਤੇ ਮਨੁੱਖ ਆਪਣੀ ਲੋੜ ਅਨੁਸਾਰ ਇਨ੍ਹਾਂ ਪਦਾਰਥਾਂ ਦਾ ਸੇਵਨ ਕਰਦੇ ਹਨ । ਲੋੜ ਤੇ ਵਧੇਰੇ ਪਦਾਰਥ ਇਕੱਤਰ ਕਰਨ ਦੀ ਰੁਚੀ ਇਨ੍ਹਾਂ ਜੀਵ-ਜੰਤੂਆਂ ਵਿੱਚ ਨਹੀ ਹੁੰਦੀ, ਪਰ ਮਨੁੱਖਾਂ ਵਿਚ ਬਹੁਤ ਹੁੰਦੀ ਹੈ । ਇਹੀ ਰੁਚੀ ਮੂਲ ਰੂਪ ਵਿਚ ਭਰਿਸ਼ਟਾਚਾਰ ਨੂੰ ਜਨਮ ਦੇਂਦੀ ਹੈ । ਜਿਉਂ ਜਿਉਂ ਮਨੁਖ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਜਾਂਦੀਆ ਹਨ, ਉਸਦੀਆਂ ਹੋਰ ਨਵੀਆਂ ਲੋੜਾਂ ਅਤੇ ਜ਼ਰੂਰਤ ਤੋ ਵੱਧ ਦੀ ਲਾਲਸਾ ਵਧਦੀ ਜਾਂਦੀ ਹੈ ।

(1) ਇਸ ਸੰਸਾਰ ਵਿਚ ਸਭ ਤੋਂ ਉੱਤਮ ਕਾਰਜ ਕੀ ਹੈ ?
(2) ਜੀਵਨ ਗੁਜ਼ਾਰਨ ਲਈ ਪ੍ਰਮਾਤਮਾ ਨੇ ਕੀ ਵਿਵਸਥਾ ਬਣਾਈ ਹੈ ?
(3) ਜੀਵ-ਜੰਤੂਆਂ ਵਿਚ ਲੋੜ ਤੋਂ ਵਧ ਪਦਾਰਥ ਇਕੱਤਰ ਕਰਨ ਦੀ ਰੁਚੀ ਹੁੰਦੀ ਹੈ ?
(4) ਭਰਿਸ਼ਟਾਚਾਰ ਦਾ ਮੁੱਖ ਕਾਰਣ ਕੀ ਹੈ ?
(5) ਮਨੁੱਖ ਦੀ ਲੋੜਾ ਪ੍ਰਤੀ ਰੁਚੀ ਕਿਸ ਪ੍ਰਕਾਰ ਦੀ ਹੈ ?

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ **ਇੱਕ** ਉਪਰ 200 ਸ਼ਬਦਾਂ ਦਾ ਲੇਖ ਲਿਖੋ : **10**

(i) ਦੇਸ਼ ਦਰੋਹ
(ii) ਬੇਟੀ ਬਚਾਓ, ਬੇਟੀ ਪੜ੍ਹਾਓ
(iii) ਆਪਣੇ ਹੀ ਦੇਸ਼ ਵਿਚ ਆਜ਼ਾਦੀ ਦਾ ਅਰਥ
(iv) ਰਾਸ਼ਟਰਵਾਦ



collegedunia India's largest Student Review Platform

3. ਈ-ਮੇਲ ਰਾਹੀ ਆਪਣੇ ਮਿੱਤਰ ਨੂੰ 100 ਸ਼ਬਦਾਂ ਵਿਚ ਆਪਣੇ ਵਿਆਹ ਦਾ ਸੱਦਾ ਪੱਤਰ ਭੇਜੋ । **7**

**ਜਾਂ**

ਤੁਹਾਡੇ ਪਾਸਪੋਰਟ ਦੇ ਗੁਆਚ ਜਾਣ ਬਾਰੇ ਅਖਬਾਰ ਵਿੱਚ ਦੇਣ ਲਈ 100 ਸ਼ਬਦਾਂ ਵਿੱਚ ਇਸ਼ਤਿਹਾਰ ਤਿਆਰ ਕਰੋ ।

4. ਚੋਣਾਂ ਵਿਚ ਸੰਚਾਰ ਸਾਧਨਾ (media) ਦੇ ਰੋਲ ਬਾਰੇ ਆਪਣੇ ਵਿਚਾਰ ਪੇਸ਼ ਕਰਦਿਆਂ ਅਖਬਾਰ ਦੇ ਸੰਪਾਦਕ ਦੇ ਨਾਮ ਚਿੱਠੀ ਲਿਖੋ । **8**

**ਜਾਂ**

ਕਿਸਾਨਾਂ ਦੀਆਂ ਹੋ ਰਹੀਆਂ ਆਤਮ ਹਤਿਆਵਾਂ ਬਾਰੇ ਕਾਰਣ ਦਸਦਿਆਂ ਅਖਬਾਰ ਦੇ ਸੰਪਾਦਕ ਨੂੰ ਚਿੱਠੀ ਲਿਖੋ ।

5. ਹੇਠ ਲਿਖੇ ਮੁਹਾਵਰਿਆਂ ਵਿੱਚੋਂ **ਤਿੰਨ** ਦੇ ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਓ : **3**

(i) ਤਿੱਤਰ ਹੋ ਜਾਣਾ
(ii) ਨੱਕ ਵੱਡਣਾ
(iii) ਫਟਕੜੀ ਫੁੱਲ ਹੋਣੀ
(iv) ਨਜ਼ਰ ਮਾਰਨੀ
(v) ਲਹੂ ਸੁਕੱਣਾ

6. (1) ਹੇਠ ਲਿਖਿਆਂ ਵਿੱਚੋਂ ਸੁੱਧ ਸ਼ਬਦ-ਜੋੜ ਚੁਣੋਂ – **2**

(i) ਸ਼ੈਰ (ਅ) ਸ਼ਹਿਰ
(ii) ਮਝ੍ਹਬ (ਅ) ਮਜ਼੍ਹਬ

(2) ਹੇਠ ਲਿਖੇ ਸ਼ਬਦਾਂ ਨੂੰ ਸ਼ੁੱਧ ਕਰਕੇ ਲਿਖੋ : **2**

(ੳ) ਚੋਲ (ਅ) ਸੇਹਰਾ

(3) ਸ਼ਬਦ ਜੋੜਾਂ ਨੂੰ ਧਿਆਨ ਵਿਚ ਰਖਦੇ ਹੋਏ ਦੱਸੋ ਕਿ ਹੇਠ ਲਿਖੇ ਵਾਕਾਂ ਵਿਚਲੇ ਲਕੀਰੇ ਸ਼ਬਦਾਂ ਵਿਚੋਂ ਕਿਹੜਾ ਸ਼ਬਦ ਵਰਤਿਆ ਜਾਵੇ : **2**

(i) ਤੁਸੀਂ ਮੇਰੇ ਗਰ / ਘਰ ਕਿਸ ਸਮੇਂ ਪਹੁੰਚੋਗੇ ?
(ii) ਹੋਲੀ / ਹੌਲੀ ਦਾ ਤਿਉਹਾਰ ਸ਼ਹਿਰਾਂ ਵਿਚ ਘੱਟ ਹੀ ਮਨਾਇਆ ਜਾਂਦਾ ਹੈ ।

7. ਹੇਠ ਲਿਖੀ ਵਾਰਤਾ ਵਿੱਚ ਵਿਸਰਾਮ ਚਿੰਨ੍ਹ ਲਗਾਓ : **3**

ਸਭ ਦੇਸ਼ ਵਾਸੀਆਂ ਨੂੰ ਆਪਣੇ ਦੇਸ਼ ਲਈ ਤਨ ਮਨ ਧਨ ਕੁਰਬਾਨ ਕਰਨ ਲਈ ਤਿਆਰ ਰਹਿਣਾ ਚਾਹੀਦਾ ਹੈ

8. ਹੇਠ ਲਿਖੇ ਵਾਕਾਂ ਨੂੰ ਸ਼ੁੱਧ ਕਰਕੇ ਲਿਖੋ – **3**

(i) ਤੂੰ ਰਿਹਾ ਹੈ ਜਾ ਕਿਧੱਰ ?
(ii) ਮੇਰੀ ਗਵਾਚ ਗਈ ਹੈ ਉਥੇ ਕਲਮ ।
(iii) ਕਿੰਨਾ ਇਹ ਫੁੱਲ ਹੈ ਕਮਾਲ ਦਾ ।

9. ਹੇਠ ਦਿੱਤੀਆਂ ਕਾਵਿ-ਟੁਕੜੀਆਂ ਵਿੱਚੋ ਕਿਸੇ **ਇੱਕ** ਦੇ ਅੰਤ ਵਿਚ ਪੁੱਛੇ ਗਏ ਪ੍ਰਸ਼ਨਾਂ ਦੇ ਉਤੱਰ ਦਿਓ – **8**

ਮੇਲੇ ਦੀ ਬਹਾਰ ਏ ਤਿਕਾਲਾਂ ਤੀਕ ਏ,
ਸੌਦਾ ਲੈ ਵਿਹਾਝ, ਜਿਦ੍ਹੀ ਜੋ ਤਫ਼ੀਕ ਏ ।
ਪਲੋ ਪਲੀ ਵਿੱਚ ਹੋਣੀ ਚੱਲੋ ਚੱਲੀ ਏ,
ਚੱਲ ਨੀ ਪ੍ਰੇਮੀਏ ! ਵਿਸਾਖੀ ਚੱਲੀ ਏ ।

(i) ਇਸ ਕਾਵਿ-ਟੁੱਕੜੀ ਨਾਲ ਸੰਬੰਧਿਤ ਕਵੀ ਅਤੇ ਕਵਿਤਾ ਦਾ ਨਾਮ ਲਿਖੋ ।
(ii) ਮੇਲੇ ਵਿੱਚ ਕਿਸ ਤਰ੍ਹਾਂ ਦੇ ਵਾਤਾਵਰਣ ਦੀ ਗੱਲ ਕੀਤੀ ਗਈ ਹੈ ।
(iii) 'ਪਲੋ ਪਲੀ ਵਿੱਚ ਹੋਈ ਚੱਲੋ ਚੱਲੀ ਏ' ਦੇ ਕੀ ਅਰਥ ਹਨ ?
(iv) 'ਵਿਹਾਝ' ਅਤੇ 'ਤਿਕਾਲਾਂ' ਦੇ ਅਰਥ ਲਿਖੋ ।

**ਜਾਂ**



collegedunia
India's largest Student Review Platform

ਇਸ ਰੁੱਤੇ,
ਸਾਡੀ ਪੀੜ ਦੇ ਵਾਲ ਵਧਾਏ
ਗ਼ਮ ਦਾ ਸੂਤੀ ਧਾਗਾ ਵੇਸ ਹੰਡਾਏ
ਰੱਖੇ ਰੋਜ਼ੇ ਦਾਤ ਨ ਹੋਠੀਂ ਲਾਏ

(i) ਇਹ ਸਤਰਾਂ ਕਿਸ ਕਵੀ ਦੀ ਕਿਸ ਕਵਿਤਾ ਵਿਚੋਂ ਹਨ ?

(ii) ਇਨ੍ਹਾਂ ਸਤਰਾਂ ਵਿਚ ਕਿਸ ਰੁੱਤ ਦੀ ਗਲ ਕੀਤੀ ਗਈ ਹੈ ?

(iii) 'ਪੀੜ ਦੇ ਵਾਲ ਵਧਾਏ' ਤੋਂ ਕੀ ਭਾਵ ਹੈ ?

(iv) 'ਰੋਜ਼ੇ' ਅਤੇ 'ਵੇਸ' ਦੇ ਕੀ ਅਰਥ ਹਨ ?

10. ਕਿਸੇ **ਇੱਕ** ਕਾਵਿ-ਟੁਕੜੀ ਦੀ ਪ੍ਰਸੰਗ ਸਹਿਤ ਵਿਆਖਿਆ ਕਰੋ : **7**

ਹੀਰੇ ਤਲੇ ਹਿੱਲੇ,
ਹੀਰੇ ਉੱਪਰ ਹਿੱਲ ਗਏ,
ਇਹ ਕਿਹਾ ਮਨੁੱਖ ਹੈ ?
ਨਿੱਕਾ ਜਿਹਾ, ਕਾਲਾ ਜਿਹਾ,
ਵਿੰਦਰਾਵਨ ਵਿੱਚ ਗਉਆਂ ਚਰਾਨ ਵਾਲਾ ।

**ਜਾਂ**

ਮੋਏ ਬਿਰਛ ਦੀ ਛਾਂ ਬਹੁਤਾ ਚਿਰ ਜੀ ਨਹੀਂ ਸਕਦੀ
ਓੜਕ ਅਪਣੀ ਮਿੱਟੀ 'ਚ ਹੀ ਬਿਰਛ ਉਗਾਇਆ
ਮੇਰੇ ਵਾਂਗ ਇਕਹਿਰਾ ਇਕਲਵਾਂਞਾ
ਇਸ ਦੀ ਛਾਂ ਮੇਰੇ ਪਰਛਾਵੇ ਵਾਂਗ
ਮੇਰੇ ਸਿਰ ਤੇ ਨਹੀ ਹੁੰਦੀ

11. ਹੇਠ ਲਿਖੇ ਵਾਰਤਾਲਾਪ ਅੰਸ਼ਾਂ ਨੂੰ ਪੜ੍ਹ ਕੇ ਕਿਸੇ **ਇੱਕ** ਦੇ ਅੰਤ ਵਿਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **1 × 3 = 3**

"ਤਮਾਸ਼ਾ ਵੇਖਣ ਵਾਲੇ ਹੱਸ ਪਏ । ਕਈਆਂ ਨੇ ਤਾੜੀ ਵਜਾਈ ।
ਘੋਗਾ ਸ਼ਰਮਿੰਦਾ ਜਿਹਾ ਹੋ ਕੇ ਏਧਰ-ਓਧਰ ਦੇਖਣ ਲਗਾ ।"

(i) ਇਹ ਵਾਰਤਾਲਾਪ ਕਿਸ ਪੁਸਤਕ ਵਿੱਚੋਂ ਹੈ ਅਤੇ ਉਸ ਪੁਸਤਕ ਦਾ ਲੇਖਕ ਕੌਣ ਹੈ ?

(ii) ਘੋਗਾ ਸ਼ਰਮਿੰਦਾ ਜਿਹਾ ਕਿਉਂ ਹੋ ਗਿਆ ?

(iii) ਇਥੇ ਕਿਹੜਾ ਤਮਾਸ਼ਾ ਵਿਖਾਇਆ ਜਾ ਰਿਹਾ ਹੈ ?

**ਜਾਂ**

"ਆਹ ਕੌਣ ਘੁਸਰ-ਮੁਸਰ ਕਰੀ ਜਾਂਦੇ ਐ ? ਵਿਗਿਆਨ –
ਅਧਿਆਪਕ ਬੋਰਡ ਉੱਪਰ ਲਿਖਣਾ ਛੱਡ ਕੇ ਜਮਾਤ ਨੂੰ ਸੰਬੋਧਿਤ ਹੋਏ ।"

(i) ਇਹ ਵਾਰਤਾਲਾਪ ਕਿਸ ਪੁਸਤਕ ਵਿੱਚੋਂ ਹੈ ਅਤੇ ਉਸ ਪੁਸਤਕ ਦਾ ਲੇਖਕ ਕੌਣ ਹੈ ?

(ii) ਇਥੇ ਘੁਸਰ-ਮੁਸਰ ਕੌਣ ਕਰ ਰਹੇ ਹਨ ?

(iii) 'ਸੰਬੋਧਿਤ' ਦੇ ਕੀ ਅਰਥ ਹਨ ?

12. ਨਾਵਲ 'ਗੁਆਚਿਆ ਮੁੰਡਾ' ਦੇ ਸਿਰਲੇਖ ਦੀ ਸਾਰਥਕਤਾ ਬਾਰੇ ਆਪਣੇ ਵਿਚਾਰ ਦੱਸੋ । **7**

**ਜਾਂ**

'ਗੁਆਚਿਆ ਮੁੰਡਾ' ਨਾਵਲ ਦੇ ਮੁੱਖ ਪਾਤਰ ਦਾ ਪੜ੍ਹਾਈ ਵਿੱਚ ਦਿੱਲ ਕਿਉਂ ਨਹੀਂ ਲਗਦਾ ?



collegedunia.com India's largest Student Review Platform

13. ਕਿਸੇ **ਇੱਕ** ਪ੍ਰਸੰਗ ਦੇ ਆਧਾਰ ਤੇ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ : **1 × 5 = 5**

ਕਾਹਲੀ ਕਾਹਲੀ ਉਹ ਆਪਣੇ ਘਰ ਨੂੰ ਤੁਰ ਪਿਆ । ਕੀੜਿਆਂ ਦੇ ਭੌਣ 'ਤੇ ਤਿਲਚੌਲੀ ਪਾਉਣ ਆਇਆ ਉਹ ਬੜੇ ਠਰ੍ਹਮੇ ਨਾਲ, ਹਵਾ ਨਾਲ ਅਠਖੇਲੀਆਂ ਕਰਦਾ, ਆਇਆ ਸੀ । ਘਰ ਨੂੰ ਮੁੜੇ ਜਾਂਦੇ ਦੇ ਉਹਦੇ ਕਦਮ ਥਿੜਕ ਥਿੜਕ ਜਾਂਦੇ ਸਨ ਉਹਨੂੰ ਲੱਗਿਆ ਜਿਵੇਂ ਕੋਈ ਉਹਦਾ ਪਿੱਛਾ ਕਰ ਰਿਹਾ ਹੁੰਦਾ ਹੈ ।

(i) 'ਤਿਲਚੌਲੀ' ਦੇ ਕੀ ਅਰਥ ਹਨ ?

(ii) 'ਕੀੜਿਆ ਦਾ ਭੌਣ' ਕੀ ਹੁੰਦਾ ਹੈ ?

(iii) ਇਸ ਕਹਾਣੀ ਦਾ ਲੇਖਕ ਕੌਣ ਹੈ ?

(iv) ਇਸ ਪ੍ਰਸੰਗ ਵਿਚਲੇ ਪਾਤਰ ਦੀ ਮਨ ਦੀ ਹਾਲਤ ਕਿਸ ਤਰ੍ਹਾਂ ਦੀ ਹੈ ?

(v) ਇਸ ਵਿਚਲੇ ਪਾਤਰ ਨੂੰ ਕਿਉਂ ਲਗਦਾ ਹੈ ਕਿ ਕੋਈ ਉਸਦਾ ਪਿੱਛਾ ਕਰ ਰਿਹਾ ਹੈ ।

**ਜਾਂ**

"ਦੀਨਾ ਨਾਥ ਅਤੇ ਕੁਝ ਹੋਰ ਅਧਿਆਪਕਾਂ ਦਾ ਸਿੱਖਿਆ ਵਿਭਾਗ ਨਾਲ ਬਕਾਏ ਦਾ ਝਗੜਾ ਸੀ ਅਤੇ ਉਹ ਮਾਮਲਾ ਸੁਪਰੀਮ ਕੋਰਟ ਵਿੱਚ ਲੈ ਆਏ ਸਨ । ਬਾਕੀ ਸਾਰੇ ਰਾਤ ਦੀ ਗੱਡੀ ਵਾਪਸ ਹੋ ਗਏ ਸਨ, ਪਰ ਉਹ ਪਹਿਲਾਂ ਹੀ ਘਰੇ ਕੀਤੀ ਸਲਾਹ ਅਨੁਸਾਰ ਭਾਣਜੇ ਨੂੰ ਮਿਲਣ ਆ ਗਿਆ ਸੀ ।"

(i) ਦੀਨਾ ਨਾਥ ਕੌਣ ਹੈ ?

(ii) ਸਿੱਖਿਆ ਵਿਭਾਗ ਕੀ ਹੁੰਦਾ ਹੈ ?

(iii) ਸੁਪਰੀਮ ਕੋਰਟ ਕੀ ਹੁੰਦਾ ਹੈ ?

(iv) ਦੀਨਾ ਨਾਥ ਉਸ ਰਾਤ ਵਾਪਸ ਕਿਉਂ ਨਹੀਂ ਸੀ ਗਿਆ ?

(v) ਇਹ ਪ੍ਰਸੰਗ ਕਿਸ ਕਹਾਣੀ ਵਿਚੋਂ ਲਿਆ ਗਿਆ ਹੈ ?

14. 'ਆਪੋ ਆਪਣਾ ਹਿੱਸਾ' ਕਹਾਣੀ ਦੇ ਕਿਸੇ ਇਕ ਪਾਤਰ ਦਾ ਪਾਤਰ–ਚਿਤਰਨ ਕਰੋ । **5**

**ਜਾਂ**

'ਸੂਲੀ ਉੱਤੇ ਲਟਕੇ ਪਲ" ਦੀ ਨਾਇਕਾ ਦਾ 'ਮਾਨਸਿਕ ਸੰਕਟ" ਕੀ ਹੈ ?

15. ਆਧੁਨਿਕ ਪੰਜਾਬੀ ਕਵਿਤਾ ਦੇ ਆਰੰਭ ਬਾਰੇ ਚਰਚਾ 150–200 ਸ਼ਬਦਾਂ ਵਿੱਚ ਪੇਸ਼ ਕਰੋ । **10**

**ਜਾਂ**

ਗੁਰਮਤਿ ਕਾਵਿ ਦੀ ਵਿਚਾਰਧਾਰਾ ਨੂੰ 100–200 ਸ਼ਬਦਾਂ ਵਿਚ ਪੇਸ਼ ਕਰੋ ।

16. ਕਦਰਾਂ ਕੀਮਤਾਂ ਤੇ ਆਧਾਰਿਤ – **5**

ਕੀ ਉਹ ਹੁਸਨ ਹੁਸਨ ਹੈ ਸਚ ਮੁਚ,
ਯਾ ਉਂਜੇ ਹੀ ਛਲਦਾ
ਲਖ ਗਰੀਬਾਂ ਮਜ਼ਦੂਰਾਂ ਦੇ
ਹੰਝੂਆਂ 'ਤੇ ਜੋ ਪਲਦਾ ?

ਇਹ ਕਾਵਿ–ਸਤਰਾਂ ਇਕ ਪ੍ਰਸ਼ਨ ਪੈਦਾ ਕਰਦੀਆਂ ਹਨ–ਮਜ਼ਦੂਰਾਂ ਦੇ ਸ਼ੋਸ਼ਣ ਦਾ । ਮਜ਼ਦੂਰਾਂ ਦੇ ਸ਼ੋਸ਼ਣ ਬਾਰੇ ਆਪਣੇ ਵਿਚਾਰ 100–125 ਸ਼ਬਦਾਂ ਵਿੱਚ ਦਿਓ ।



collegedunia.com
India's largest Student Review Platform